**International Journal of Multidisciplinary Education and Research**
**ISSN: 2455-4588; Impact Factor: RJIF 5.12**
**www.multieducationjournal.com**
**Volume 1; Issue 4; June 2016; Page No. 79-81**

# ਸ਼ੇਖ ਫਰੀਦ ਜੀ ਦੀ ਵਿਚਾਰਧਾਰਾ

**Harwant Singh Bains**
Principal Gurukul College, Bathinda, Punjab, India

## ਸ਼ੇਖ਼ ਫ਼ਰੀਦ ਦੀ ਜੀ ਵਿਚਾਰਧਾਰਾ

ਸ਼ੇਖ ਫ਼ਰੀਦ ਜੀ ਚਿਸ਼ਤੀ ਸੰਪਰਦਾਇ ਦੇ ਅਨੁਯਾਈ ਸਨ। ਜਿੱਥੇ ਉਹ ਮਹਾਨ ਸੂਫ਼ੀ ਸਾਧਕ ਸਨ, ਉੱਥੇ ਮਹਾਨ ਸੂਫ਼ੀ ਕਵੀ ਵੀ ਸਨ। ਫਰ਼ੀਦ ਜੀ ਨੂੰ ਪੰਜਾਬੀ ਸੂਫ਼ੀ ਪਰੰਪਰਾ ਦੇ ਹੀ ਨਹੀਂ ਸਗੋਂ ਪੰਜਾਬੀ ਸਾਹਿਤ ਪਰੰਪਰਾ ਦੇ ਮੋਢੀਆਂ ਵਿਚ ਗਿਣਿਆ ਜਾਂਦਾ ਹੈ। ਪੰਜਾਬੀ ਦੇ ਸੂਫ਼ੀ ਫ਼ਕੀਰਾਂ ਵਿੱਚ ਫ਼ਰੀਦ ਜੀ ਨੂੰ ਪ੍ਰਥਮ ਸਥਾਨ ਪ੍ਰਾਪਤ ਹੈ। ਉਹਨਾਂ ਦੀ ਬਾਣੀ ਅਥਾਹ ਗਿਆਨ ਦਾ ਖ਼ਜਾਨਾ ਹੈ, ਜੋ ਜੀਵਾਤਮਾ ਨੂੰ ਪ੍ਰਮਾਤਮਾ ਦੇ ਲੜ ਲੱਗਣ ਲਈ ਥਾਂ-ਥਾਂ ਪ੍ਰੇਰਦੀ ਹੈ। ਉਹਨਾਂ ਦੀ ਬਾਣੀ ਦੀ ਇਸੇ ਵਿਸ਼ੇਸ਼ਤਾ ਸਦਕਾ ਗੁਰੂ ਅਰਜਨ ਦੇਵ ਜੀ ਨੇ ਫ਼ਰੀਦ ਜੀ ਦੇ 112 ਸ਼ਲੋਕ ਅਤੇ 4 ਸ਼ਬਦ (ਦੋ ਰਾਗ ਸੂਹੀ, ਦੋ ਰਾਗ ਆਸਾ) 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕੀਤੇ ਹਨ। ਫਰੀਦ ਬਾਣੀ ਜੀਵਾਤਮਾ ਨੂੰ ਅਧਿਆਤਮਿਕਤਾ, ਨੈਤਿਕਤਾ ਅਤੇ ਮਾਨਵਵਾਦੀ ਦ੍ਰਿਸ਼ਟੀ ਦੇ ਧਾਰਨੀ ਬਣਨ ਦਾ ਪਾਠ ਪੜ੍ਹਾਉਂਦੀ ਹੈ। ਸ਼ਮਸ਼ੇਰ ਸਿੰਘ ਅਸ਼ੋਕ ਕੁਮਾਰ ਅਨੁਸਾਰ, ''ਰੂਹਾਨੀ ਅਤੇ ਭਾਸ਼ਾ ਵਿਗਿਆਨ ਦੇ ਪੱਖੋਂ ਫ਼ਰੀਦ ਜੀ ਦੇ ਸ਼ਬਦ ਤੇ ਸਲੋਕ ਨਾ ਕੇਵਲ ਸਲਾਹੁਣ ਯੋਗ ਹੀ ਹਨ, ਸਗੋਂ ਉਹਨਾਂ ਵਿੱਚ ਇਨਸਾਨੀਅਤ ਦਾ ਜੋ ਤਸੱਵਰ ਤੇ ਵਿਗਿਆਨਕ ਨਕਸ਼ਾ ਉਲੀਕਿਆ ਗਿਆ ਹੈ, ਉਸ ਦੀ ਮਿਸਾਲ ਹੋਰ ਕਿਤੋਂ ਸ਼ਾਇਦ ਹੀ ਮਿਲ ਸਕੇ।''[1]

ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਸੂਫ਼ੀਵਾਦ ਦੇ ਸਿਧਾਤਾਂ ਦੀ ਵਿਆਖਿਆ ਕੀਤੀ ਹੈ। ਫ਼ਰੀਦ ਜੀ ਨੇ ਜੀਵਾਤਮਾ ਨੂੰ ਪਰਲੋਕ ਦੇ ਵਰਤਾਰੇ ਨੂੰ ਦਰਸਾ ਕੇ ਚੰਗੇ/ਨੇਕ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਹੈ ਕਿ ਸੰਸਾਰ ਵਿਚ ਵਿਚਰਦਿਆਂ ਜੀਵਾਤਮਾ ਨਾਮ ਸਿਮਰਨ ਵੱਲ ਧਿਆਨ ਲਗਾਈ ਰੱਖੇ, ਜਿਸ ਸਦਕਾ ਉਹ ਮਾੜੇ ਕੰਮਾਂ ਤੋਂ ਵੀ ਬਚੀ ਰਹੇਗੀ ਅਤੇ ਉਸਦਾ ਅੱਗਾ ਵੀ ਸੰਵਾਰਿਆ ਜਾਵੇਗਾ। ਕਿਰਪਾਲ ਸਿੰਘ ਕਸੇਲ ਦੇ ਸ਼ਬਦਾਂ ਵਿੱਚ, ''ਪ੍ਰਭੂ ਵੱਲੋਂ ਜੀਵ ਨੂੰ ਇਸ ਸੰਸਾਰ ਵਿੱਚ ਰੱਬੀ ਹੁਕਮ ਅਨੁਸਾਰ ਹੀ ਭੇਜਿਆ ਗਿਆ ਹੈ ਅਤੇ ਉਸੇ ਅਧੀਨ ਹੀ ਉਸਨੇ ਇਸ ਸੰਸਾਰ ਨੂੰ ਅਵੱਸ਼ ਛੱਡ ਜਾਣਾ ਹੈ ਪਰ ਉਸਨੂੰ ਇਸ ਸੰਸਾਰ ਵਿੱਚ ਆਪਣੇ ਕੀਤੇ ਅਮਲਾਂ ਦਾ ਹਿਸਾਬ ਰੱਬ ਦੀ ਹਜ਼ੂਰੀ ਵਿਚ ਨਿਬੇੜਨਾ ਪੈਂਦਾ ਹੈ। ਇਹ ਲੇਖਾ ਅਵੱਸ਼ ਪੁੱਛਿਆ ਜਾਣਾ ਹੈ। ਜੇ ਕੋਈ ਇਸ ਜੀਵਨ ਦੇ ਸਮੇਂ ਨੂੰ ਵਿਅਰਥ ਹੰਢਾ ਕੇ ਅਤੇ ਗਫ਼ਲਿਤ ਦੀ ਨੀਂਦ ਸੌਂ ਕੇ ਗੁਆ ਦੇਵੇਗਾ ਤਾਂ ਰੱਬ ਉਸ ਤੋਂ ਲੇਖਾ ਪੁੱਛੇਗਾ ਅਤੇ ਅਵੱਸ਼ ਹੀ ਇਸ ਸੰਸਾਰ ਵਿੱਚ ਕੀਤੇ ਚੰਗੇ ਕੰਮ ਪ੍ਰਲੋਕ ਵਿੱਚ ਕੰਮ ਆਉਣਗੇ।''[2]

ਫ਼ਰੀਦ ਬਾਣੀ ਵਿੱਚੋਂ ਉਹਨਾਂ ਦੀ ਬਹੁਪੱਖੀ ਵਿਚਾਰਧਾਰਾ ਉਜਾਗਰ ਹੁੰਦੀ ਹੈ। ਉਹਨਾਂ ਦੀ ਰਚਨਾ ਵਿੱਚੋਂ ਪ੍ਰਮਾਤਮਾ ਦਾ ਸਰੂਪ, ਪ੍ਰਭੂ-ਪ੍ਰਾਪਤੀ, ਨਾਮ ਸਿਮਰਨ, ਸ਼ਰੀਅਤ ਦੀ ਪਾਬੰਧੀ, ਮੁਰਸ਼ਦ ਦੀ ਲੋੜ, ਨੈਤਿਕਤਾ/ਸਦਾਚਾਰਕ ਸਿੱਖਿਆ, ਮੌਤ ਦਾ ਸੰਕਲਪ ਅਤੇ ਰੱਬੀ ਰਜ਼ਾ ਵਿੱਚ ਰਹਿਣਾ ਆਦਿ ਵਿਸ਼ੇ ਦ੍ਰਿਸ਼ਟੀਗੋਚਰ ਹੁੰਦੇ ਹਨ।

## ਪਰਮਾਤਮਾ ਦਾ ਸਰੂਪ

ਫ਼ਰੀਦ ਜੀ ਅਨੁਸਾਰ ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਉਹ ਕਣ-ਕਣ ਵਿਚ ਵਸਿਆ ਹੈ। ਸਾਰੇ ਜੀਵ ਉਸੇ ਪ੍ਰਮਾਤਮਾ ਦੇ ਬਣਾਏ ਹੋਏ ਹਨ ਅਤੇ ਉਹ ਆਪ ਹੀ ਸਭ ਵਿਚ ਬਿਰਾਜਮਾਨ ਹੈ। ਜਦੋਂ ਉਹ ਸਭ ਵਿੱਚ ਹੈ ਅਤੇ ਸਭ ਉਸਦੇ ਹਨ ਤਾਂ ਫਿਰ ਮੰਦਾ ਚੰਗਾ ਕਿਸ ਨੂੰ ਆਖਿਆ ਜਾਣਾ ਅਰਥਾਤ ਪ੍ਰਮਾਤਮਾ ਸਰਬਵਿਆਪਕ ਹੈ। ਫ਼ਰੀਦ ਜੀ ਜੀਵਾਤਮਾ ਨੂੰ ਸਮਝਾਉਂਦੇ ਲਿਖਦੇ ਹਨ

ਫਰੀਦਾ ਖਾਲੁਕ ਮਹਿ ਖਲਕ ਵਸੈ ਰਬ ਮਾਹਿ
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ

ਸਾਰੀ ਖਲਕਤ ਉਸ ਪ੍ਰਮਾਤਮਾ ਦੇ ਹੁਕਮ ਅਨੁਸਾਰ ਚਲਦੀ ਹੈ। ਉਸਦੀ ਰਜ਼ਾ ਤੋਂ ਬਿਨਾਂ ਤਾਂ ਪੱਤਾ ਵੀ ਨਹੀਂ ਹਿੱਲ ਸਕਦਾ। ਕੇਵਲ ਪ੍ਰਮਾਤਮਾ ਹੀ ਨਾਸ਼ ਰਹਿਤ ਹੈ, ਬਾਕੀ ਸਭ ਵਸਤਾ ਨਾਸ਼ਮਾਨ ਹਨ। ਉਹ ਅਗਮ ਅਪਾਰ ਹੈ। ਉਸਦਾ ਅੰਤ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਇੱਕ ਰਹੱਸ ਹੈ। ਫ਼ਰੀਦ ਜੀ ਪ੍ਰਮਾਤਮਾ ਰੂਪ ਰਹੱਸ ਨੂੰ ਸਮਝਣ ਵਾਲੇ ਦੇ ਪੈਰ ਚੁੰਮਣ ਲਈ ਕਹਿੰਦੇ ਹਨ

ਭਰਵਦਗਾਰ ਅਪਾਰ ਅਗਮ ਬੇਅੰਤ ਤੂ
ਜਿਨਾ ਪਛਾਤਾ ਸਚੁ ਚੁੰਮਾਂ ਪੈਰ ਮੂੰ

## ਪ੍ਰਭੂ ਪ੍ਰਾਪਤੀ

ਫ਼ਰੀਦ ਬਾਣੀ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਨਾਮ ਸਿਮਰਨ ਅਤੇ ਨੇਕ ਕਰਮਾਂ ਦੁਆਰਾ ਹੀ ਹੋ ਸਕਦੀ ਹੈ। ਇਸਦੇ ਨਾਲ ਹੀ ਪ੍ਰਭੂ ਪ੍ਰਾਪਤੀ ਲਈ ਜੀਵਾਤਮਾ ਨੂੰ ਆਪਾ ਭਾਵ ਪ੍ਰਮਾਤਮਾ ਦੇ ਚਰਨਾ ਵਿੱਚ ਅਪਰਨ ਕਰਨਾ ਜ਼ਰੂਰੀ ਹੈ। ਡਾ. ਧਰਮਪਾਲ ਸਿੰਗਲ ਫ਼ਰੀਦ ਬਾਣੀ ਵਿਚਲੇ ਪ੍ਰਭੂ ਪ੍ਰਾਪਤੀ ਦੇ ਸੰਕਲਪ ਨਾਲ ਸੰਬੰਧਿਤ 95ਵੇਂ ਸ਼ਲੋਕ ਨੂੰ ਆਧਾਰ ਬਣਾ ਕੇ ਲਿਖਦੇ ਹਨ ਕਿ ''ਇਕ ਹੋਰ ਸ਼ਰਤ ਪ੍ਰਭੂ ਜੀ ਬੰਦੇ ਤੇ ਲਾਉਂਦੇ ਹਨ। ਜੇ ਹੇ ਬੰਦੇ ! ਤੂੰ ਮੇਰਾ ਹੋ ਜਾਵੇ, ਮੇਰੇ ਅੱਗੇ ਸੰਪੂਰਨ ਤੌਰ ਤੇ ਆਤਮ ਸਮਰਪਣ ਕਰ ਦੇਵੇਂ ਤਾਂ ਸਮਝੋਂ ਸਾਰਾ ਜਗਤ ਤੈਨੂੰ ਮਿਲ ਜਾਵੇਗਾ, ਤੇਰੀ ਝੋਲੀ ਵਿੱਚ ਆ ਪਵੇਗਾ, ਕਿਉਂਕਿ ਮੈਂ ਮਿਲਾਂਗਾ ਤਾਂ ਮੈਂ ਹੀ ਜਗਤਪਤੀ ਹਾਂ। ਮੈਂ ਮਿਲ ਗਿਆ ਤਾਂ ਸਮਝੋ ਸਾਰਾ ਜਹਾਨ ਤੇਰਾ ਹੋ ਗਿਆ।''[3] ਫਰੀਦ ਜੀ ਲਿਖਦੇ ਹਨ

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ
ਫਰੀਦਾ ਜੇ ਤੂ ਮੇਰਾ ਹੋਇ ਰਹਿਹ ਸਭੁ ਜਗੁ ਤੇਰਾ ਹੋਇ

ਉਕਤ ਸ਼ਲੋਕ ਵਿੱਚ ਮੈਂ ਸ਼ਬਦ ਪ੍ਰਮਾਤਮਾ ਲਈ ਵਰਤਿਆ ਗਿਆ ਹੈ। ਫ਼ਰੀਦ ਜੀ ਨੇ ਇਸ ਸਲੋਕ ਰਾਹੀ ਪ੍ਰਭੂ ਪ੍ਰਾਪਤੀ ਲਈ ਨਿਯਮ ਪ੍ਰਮਾਤਮਾ ਵੱਲੋਂ ਸਵੈ ਸੰਬੋਧਨੀ ਜੁਗਤ ਦੁਆਰਾ ਨਿਰਧਾਰਿਤ ਕੀਤਾ ਹੈ ਕਿਉਂਕਿ ਉਹਨਾਂ ਦੀ ਸ਼ਖਸੀਅਤ ਹਉਮੈ ਤੋਂ ਨਿਰਲੇਪ ਸੀ। ਉਹ ਉਸ ਪ੍ਰਮਾਤਮਾ ਦੇ ਸਾਧਕ ਸਨ, ਜਿਸਦੀ ਹੋਂਦ, ਸ੍ਰਿਸ਼ਟੀ ਦੇ ਕਣ-ਕਣ ਵਿੱਚ ਹੈ। ਉਹ ਪ੍ਰਭੂ ਪ੍ਰਾਪਤੀ ਦੀ ਇਸ ਆਪਾ/ਸਵੈ ਸਮਪਰਣ ਦੀ ਸ਼ਰਤ ਖੁਦ ਲਾਗੂ ਕਰਨ ਨਾਲੋਂ ਪ੍ਰਮਾਤਮਾ ਕੋਲੋ ਸੰਬੋਧਨ ਕਰਾਉਣਾ ਚੰਗਾ ਸਮਝਦੇ ਹਨ।

## ਨਾਮ ਸਿਮਰਨ

ਫ਼ਰੀਦ ਜੀ ਜੀਵਾਤਮਾ ਨੂੰ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ, ਕਿਉਂਕਿ ਨਾਮ ਸਿਮਰਨ ਦੁਆਰਾ ਜੀਵਾਤਮਾ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਲੰਘ ਸਕਦੀ ਹੈ। ਉਹਨਾਂ ਦੀ ਸਾਰੀ ਬਾਣੀ ਹੀ ਪ੍ਰੇਮਾ ਭਗਤੀ ਅਤੇ ਅਦਵੈਤ ਭਾਵਨਾ ਦੇਿ ਇਰਦ ਗਿਰਦ ਘੁੰਮਦੀ ਹੈ, ਜਿਸ ਨੂੰ ਸੂਫ਼ੀ ਸ਼ਬਦਾਵਲੀ ਵਿਚ 'ਵਹਿਦਤੁਲ ਵਜੂਦ' ਦਾ ਨਾ ਦਿੱਤਾ ਗਿਆ ਹੈ। ਫ਼ਰੀਦ ਜੀ ਆਪਣੇ ਸ਼ਬਦ ਰਾਹੀਂ ਜੀਵਾਤਮਾ ਨੂੰ ਤਨੋ-ਮਨੋਂ ਨਾਮ ਸਿਮਰਨ ਕਰਨ ਦਾ ਸੰਦੇਸ਼ ਦਿੰਦੇ ਹਨ। ਕੱਚੇ ਅਤੇ ਝੂਠੇ ਸਾਧਕਾਂ ਨੂੰ ਧਰਤੀ ਦੇ ਭਾਰ ਦਾ ਨਾਮ ਦਿੱਤਾ ਹੈ ਜੋ ਦਿਲੋਂ ਕੁਝ ਹੋਰ ਹੁੰਦੇ ਹਨ ਅਤੇ ਮੂੰਹੋਂ ਨਾਮ ਸਿਮਰਨ ਚ ਲੀਨ ਹੋਣ ਦਾ ਭਰਮ ਸਿਰਜਦੇ ਹਨ, ਜਿਵੇਂ 'ਬਗਲ ਮੇਂ ਛੁਰੀ ਮੂੰਹ ਮੇਂ ਰਾਮ ਰਾਮ'। ਫਰੀਦ ਜੀ ਨਾਮ ਦੇ ਝੂਠੇ ਵਪਾਰੀਆਂ ਤੇ ਵਿਅੰਗ ਕਰਦੇ ਲਿਖਦੇ ਹਨ-

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ
ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ
ਵਿਸਰਿਆ ਜਿਨ ਨਾਮੁ ਤੇ ਭੁਇ ਪਾਰੂ ਥੀਏ ।। ਰਹਾਉ।।

ਫ਼ਰੀਦ ਜੀ ਜੀਵਾਤਮਾ ਨੂੰ ਪ੍ਰਭੂ ਪ੍ਰੀਤਮ ਨਾਲ ਸੱਚੀ ਪ੍ਰੀਤ ਪਾਉਣ ਦੀ ਪ੍ਰੇਰਨਾ ਦਿੰਦੇ ਹਨ। ਕਿਰਪਾਲ ਸਿੰਘ ਕਸੇਲ ਦੇ ਸ਼ਬਦਾਂ ਵਿੱਚ, ''ਬਾਬਾ ਫ਼ਰੀਦ ਜੀ ਦੇ ਰਹੱਸਵਈ ਸਾਧਨਾ ਮਾਰਗ ਵਿਚ ਨਾਮ ਸਿਮਰਨ (ਜ਼ਿਕਰ) ਦਾ ਵਿਸ਼ੇਸ਼ ਸਥਾਨ ਹੈ। ਰਾਤ ਜਾਗਣਾ ਅਤੇ ਨਾਮ ਸਿਮਰਨ ਕਰਨਾ ਇਸ ਨਾਲ ਮਨੁੱਖ ਦੇ ਅੰਦਰ ਪ੍ਰਭੂ ਹੋਂਦ ਦੀ ਕਥੂਰੀ ਮਹਿਕ ਰਲ ਜਾਂਦੀ ਹੈ। ਜੋ ਮਨੁੱਖ ਦੀ ਸਮੁੱਚੀ ਸ਼ਖਸੀਅਤ ਵਿਚ ਚਮਕ ਪੈਦਾ ਕਰ ਦਿੰਦੀ ਹੈ।'' ਇਸ ਨਾਮ ਸਿਮਰਨ ਵਿਚ ਬਹੁਤ ਸ਼ਕਤੀ ਹੈ ਜੋ ਗੁਨਾਹਗਾਰ ਨੂੰ ਵੀ ਪ੍ਰਮਾਤਮਾ ਦੀ ਦਰਗਾਹ ਵਿਚ ਬਖਸ਼ਾ ਦਿੰਦੀ ਹੈ ਕਿਉਂਕਿ ਉਹ ਪ੍ਰਮਾਤਮਾ ਬਹੁਤ ਦਿਆਲੂ ਕ੍ਰਿਪਾਲੂ ਹੈ। ਇਸ ਲਈ ਮੋਹ ਮਾਇਆ ਤਿਆਗ ਕੇ ਨਾਮ ਸਿਮਰਨ ਕਰਨਾ ਚਾਹੀਦਾ ਹੈ। ਫ਼ਰੀਦ ਜੀ ਲਿਖਦੇ ਹਨ

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ।
ਫਰੀਦਾ ਕਿਤੀ ਜੋਬਨ ਪਰੀਤਿ ਬਿਨੁ ਸੁਕਿ ਗਏ ਕੁਮਲਾਇ

**ਸ਼ਰੀਅਤ ਦੀ ਪਾਬੰਦੀ**

ਫ਼ਰੀਦ ਜੀ ਮੁੱਢਲੇ ਸੂਫੀ ਸਾਧਕ ਸਨ। ਉਹ ਸ਼ਰੀਅਤ ਦੇ ਪਾਬੰਧ ਸਨ। ਕਿਉਂਕਿ ''ਸ਼ਰੀਅਤ ਇਕ ਜੀਵਨ ਨਿਯਮਾਂਵਲੀ ਹੈ ਜਿਹੜੀ ਜੀਵਨ ਦੇ ਧਾਰਮਿਕ, ਆਚਰਣਕ, ਸਮਾਜਿਕ, ਰਾਜਸੀ ਤੇ ਆਰਥਿਕ ਆਦਿ ਸਾਰੇ ਪੱਖਾਂ ਉੱਤੇ ਲਾਗੂ ਹੁੰਦੀ ਹੈ। ਧਾਰਮਿਕ ਪੱਖ ਤੋਂ ਮੁਸਲਮਾਨ ਨੂੰ ਰੱਬ, ਫਰਿਸ਼ਤਿਆਂ, ਕੁਰਾਨ, ਪੈਗੰਬਰ ਤੇ ਕਿਆਮਤ ਦੇ ਦਿਨ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਉਸਨੂੰ ਕਲਮਾ, ਪੰਜ ਨਮਾਜ਼ਾਂ, ਰੋਜ਼ੇ, ਮੱਕੇ ਦੇ ਹੱਜ ਤੇ ਜ਼ਕਾਤ ਤੇ ਪੱਕਾ ਵਿਸ਼ਵਾਸ ਹੋਣਾ ਚਾਹੀਦਾ ਹੈ। ਉਸਦਾ ਜੀਵਨ ਨਿਮਰਤਾ, ਸਬਰ ਸੰਤੋਖ, ਦਇਆ, ਨਿਆਇ ਤੇ ਸ਼ੁੱਧਤਾ ਉੱਤੇ ਆਧਾਰਿਤ ਹੋਣਾ ਚਾਹੀਦਾ ਹੈ। ਉਸਨੂੰ ਇਕ ਈਸ਼ਵਰਵਾਰ ਤੇ ਮਨੁੱਖ ਦੇ ਭ੍ਰਾਤਰੀਭਾਵ ਨੂੰ ਮੰਨਣਾ ਚਾਹੀਦਾ ਹੈ।''[4] ਇਸ ਤਰ੍ਹਾਂ ਫਰੀਦ ਜੀ ਦੀ ਸ਼ਖਸੀਅਤ ਵਿਚ ਅਥਾਹ ਨਿਸ਼ਠਾ ਸੀ। ਉਹ ਸ਼ਰੀਅਤ ਦੀ ਪਾਲਣਾ ਕਰਨਾ ਆਪਣਾ ਮੁੱਢਲਾ ਫ਼ਰਜ਼ ਸਮਝਦੇ ਸਨ। ਸ਼ਰੀਅਤ ਅਨੁਸਾਰ ਨਾ ਚੱਲਣ ਵਾਲੇ ਨੂੰ ਫ਼ਰੀਦ ਜੀ ਬੜੀ ਕਠੋਰਤਾ ਨਾਲ ਨਿੰਦਦੇ ਹਨ। ਉਹਨਾਂ ਅਨੁਸਾਰ ਜੋ ਨਮਾਜ਼ ਨਹੀਂ ਪੜ੍ਹਦੇ, ਸਿਰ ਨਹੀਂ ਝੁਕਾਉਂਦੇ, ਅਜਿਹੇ ਸਿਰਾਂ ਦੇ ਮਾਲਕਾਂ ਨੂੰ ਹਾਂਡੀ ਹੇਠਾਂ ਬਾਲਣ ਦੀ ਥਾਂ ਬਾਲ ਦੇਣਾ ਚਾਹੀਦਾ ਹੈ –

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ
ਫਰੀਦਾ ਬੇ ਨਿਵਾਜਾ ਕੁੱਤਿਆ ਏਹ ਨ ਭਲੀ ਰੀਤ
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ
ਉਠੁ ਫਰੀਦਾ ਉਜੂ ਸਾਜਿ ਸੁਬਹੁ ਨਿਵਾਜ ਗੁਜਾਰਿ
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ

ਉਕਤ ਤਿੰਨਾਂ ਸਲੋਕਾਂ ਵਿੱਚੋ ਫ਼ਰੀਦ ਜੀ ਦੀ ਸ਼ਰੀਅਤ ਆਧਾਰਿਤ ਵਿਚਾਰਧਾਰਾ ਦ੍ਰਿਸ਼ਟੀਗੋਚਰ ਹੁੰਦੀ ਹੈ। ਬਲਵੰਤ ਸਿੰਘ ਫ਼ਰੀਦ ਜੀ ਦੀ ਸ਼ਰੀਅਤ ਨਿਸ਼ਠਾ ਸੰਬੰਧੀ ਲਿਖਦੇ ਹਨ, ''ਉਹ ਚਿਸ਼ਤੀ ਸਿਲਸਿਲੇ ਦੇ ਬਾਨੀ ਖ੍ਵਾਜਾ ਮੁਈਨੁੱਦੀਨ ਚਿਸ਼ਤੀ ਦੇ ਉਸ ਕਥਨ ਉੱਤੇ ਚਲਦਾ ਹੈ ਕਿ ਪਵਿੱਤਰ ਆਚਰਣ ਰਾਹੀਂ ਸ਼ਰੀਅਤ ਦੇ ਅਨੁਸਰਣ ਵਿਚ ਪੂਰਾ ਉਤਰ ਕੇ ਮਨੁੱਖ ਤਰੀਕਤ ਤੇ ਪੜਾਉ ਉੱਤੇ ਪਹੁੰਚ ਜਾਂਦਾ ਹੈ ਤੇ ਫਿਰ ਮਾਰਫ਼ਤ ਤੇ ਹਕੀਕਤ ਵੱਲ ਨੂੰ ਵੱਧਦਾ ਹੈ।''[5] ਇੰਝ ਫ਼ਰੀਦ ਜੀ ਨੇ ਸ਼ਰੀਅਤ ਦੇ ਧਾਰਨੀ ਬਣ ਕੇ ਜੀਵਨ ਬਤੀਤ ਕੀਤਾ ਅਤੇ ਮਾਨਵਤਾ ਨੂੰ ਸ਼ਰੀਅਤ ਦੇ ਨਿਯਮਾਂ ਤੇ ਚੱਲਣ ਦਾ ਉਪਦੇਸ਼ ਦਿੱਤਾ।

**ਮੁਰਸ਼ਦ ਦੀ ਲੋੜ**

ਫ਼ਰੀਦ ਬਾਣੀ ਵਿੱਚ ਮੁਰਸ਼ਦ/ਗੁਰੂ ਦੀ ਲੋੜ ਅਤੇ ਦਰਜੇ ਨੂੰ ਬਾਖੂਬੀ ਬਿਆਨ ਕੀਤਾ ਗਿਆ ਹੈ ਕਿਉਂਕਿ ਇਹ ਬਾਣੀ ਮਨੁੱਖ ਨੂੰ 'ਦਰਵੇਸ਼ੀ' ਵਾਲਾ ਜੀਵਨ ਜੀਉਣ ਦਾ ਉਪਦੇਸ਼ ਦਿੰਦੀ ਹੋਈ ਕਿਸੇ ਸੱਚੇ ਗੁਰੂ ਜਾਂ ਮੁਰਸ਼ਦ ਦਾ ਮੁਰੀਦ ਬਣਨ ਦੀ ਪ੍ਰੇਰਨਾ ਵੀ ਦਿੰਦੀ ਹੈ। ਸੰਸਾਰ ਵਿਚ ਦੁੱਖਾਂ ਦਾ ਵੱਡਾ ਕਾਰਨ ਹਉਮੈਂ ਦਾ ਪਰਦਾ ਜਾਂ ਅੰਦਰਲਾ ਹਨੇਰਾ ਹੈ। ਪ੍ਰਭੂ ਨੇੜੇ ਤੋਂ ਵੀ ਨੇੜੇ ਹੈ, ਸ਼ਾਹ ਰਗ ਤੋਂ ਵੀ ਨੇੜੇ ਹੈ ਪਰ ਮਨੁੱਖ ਆਪ ਹੀ ਉਸਤੋ ਵਿੱਥਾਂ ਪਾਈ ਰੱਖਦਾ ਹੈ। ਕਿਉਂਕਿ ਉਹ ਪ੍ਰਭੂ ਹਉਮੈਂ ਗ੍ਰਸਤ ਅੱਖਾਂ ਦੇ ਮਾਲਕ ਪ੍ਰਾਣੀ ਨੂੰ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਜਦੋਂ ਪ੍ਰਭੂ ਕਿਰਪਾ ਸਦਾ ਹਉਮੈਂ ਗ੍ਰਸਤ ਮਨੁੱਖ ਮੁਰਸ਼ਦ/ਗੁਰੂ ਦੀ ਸ਼ਰਨ ਵਿਚ ਪਹੁੰਚਦਾ ਹੈ ਤਾਂ ਗੁਰੂ ਦੀ ਮਿਹਰ ਸਦਕਾ ਉਸਤੋਂ ਹਉਮੈਂ ਦਾ ਪਰਦਾ ਲੱਥ ਜਾਂਦਾ ਹੈ। ਗੁਰੂ ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਦਿੰਦਾ ਹੈ ਪਰ ਗੁਰੂ ਦੇ ਲੜ ਲੱਗਣਾ ਬਹੁਤ ਕਠਿਨ ਘਾਟੀ ਦੇ ਸਮਾਨ ਹੈ। ਬੜੇ ਚੰਗੇ ਭਾਗਾਂ ਨਾਲ ਸੱਚਾ ਗੁਰੂ ਮਿਲਦਾ ਹੈ। ਇਸੇ ਲਈ ਫ਼ਰੀਦ ਜੀ ਗੁਰੂ ਦਾ ਲੜ ਘੁੱਟ ਕੇ ਫੜਨ ਦੀ ਪ੍ਰੇਰਨਾ ਦਿੰਦੇ ਹਨ। ਮੁਰਸ਼ਦ ਅੱਗੇ ਆਪਣੀ ਕੋਈ ਸਿਆਣਪ ਨਹੀਂ ਦਿਖਾਉਣੀ ਚਾਹੀਦੀ । ਉਸਦੇ ਹੁਕਮ ਵਿਚ ਰਹਿ ਕੇ ਨਾਮ ਸਿਮਰਨ ਕਰਨਾ ਚਾਹੀਦਾ ਹੈ। ਫ਼ਰੀਦ ਜੀ ਲਿਖਦੇ ਹਨ-

ਬੋਲੀਐ ਸਚੁ ਧਰਮੁ ਝੂਠ ਨ ਬੋਲੀਐ
ਜੋ ਗੁਰੂ ਦਸੈ ਵਾਟ ਮੁਰੀਦਾ ਜੋਲੀਐ

ਸਾਧਕ ਨੂੰ ਗੁਰੂ ਮੁਰਸ਼ਦ ਨਾਲ ਕੀਤਾ ਇਕਰਾਰ ਕਦੀ ਨਹੀਂ ਤੋੜਨਾ ਚਾਹੀਦਾ, ਚਾਹੇ ਉਸਨੂੰ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ, ਕਿਉਂਕਿ ਤਰੀਕਤ ਦੀ ਮੰਜ਼ਿਲ ਮੁਰਸ਼ਦ ਦੀ ਟੇਕ ਨਾਲ ਹੀ ਮਿਲਦੀ ਹੈ। ਮੁਰਸ਼ਦ ਹੀ ਮੁਰੀਦ ਨੂੰ ਰੱਬੀ ਮੰਜ਼ਿਲ ਤੱਕ ਪਹੁੰਚਾਉਣ ਵਾਲਾ ਸਾਧਨ ਹੈ। ਇਸ ਲਈ ਮੁਰਸ਼ਦ ਦੀ ਸ਼ਰਨ ਚ ਰਹਿਣ ਲਈ ਔਕੜਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ ਪਰ ਕਈ ਵਾਰ ਅਜਿਹੀ ਸਥਿਤੀ ਬਣ ਜਾਂਦੀ ਹੈ ਕਿ ਸਾਧਕ ਦਵੰਦ ਵਿਚ ਪੈ ਜਾਂਦਾ ਹੈ ਕਿ ਉਹ ਮੁਰਸ਼ਦ ਦਾ ਇਸ਼ਕ ਕਮਾਵੇ ਜਾਂ ਸਰੀਰਕ ਰੱਖਿਆ ਕਰੇ। ਫ਼ਰੀਦ ਜੀ ਸਾਧਕ ਦੀ ਇਸ ਦਵੰਦਮਈ ਸਥਿਤੀ ਨੂੰ ਦਰਸਾਉਂਦੇ ਲਿਖਦੇ ਹਨ

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ
ਚਲਾ ਤਾਂ ਭਿਜੈ ਕੰਬਲੀ ਰਹਾਂ ਤਾਂ ਤੁਟੈ ਨੇਹੁ

ਨੈਤਿਕਤਾ ਅਤੇ ਸਦਾਚਾਰਕ ਸਿੱਖਿਆ

ਫ਼ਰੀਦ ਬਾਣੀ ਨੈਤਿਕ ਪਾਠ ਦੇ ਬਹੁਤ ਨੇੜੇ ਹੈ ਕਿ ਕਿਉਂਕਿ ਇਸ ਬਾਣੀ ਵਿੱਚ ਫ਼ਰੀਦ ਜੀ ਮਨੁੱਖ ਨੂੰ ਸਾਦਾ ਜੀਵਨ ਜੀਉਣ, ਗੁੱਸਾ ਨਾ ਕਰਨ, ਬੁਰੇ ਦਾ ਭਲਾ ਕਰਨ, ਨਿਮਰਤਾ, ਸਬਰ ਸੰਤੋਖ, ਮਿੱਠਾ ਬੋਲਣ ਅਤੇ ਹੱਕ ਸੱਚ ਉੱਤੇ ਤੁਰਨ ਦਾ ਸੰਦੇਸ਼ ਦਿੰਦੀ ਹੈ। ਬਾਬਾ ਫ਼ਰੀਦ ਜੀ ਦੀ ਸਦਾਚਾਰਕ ਪੱਖੀ ਵਿਚਾਰਧਾਰਾ ਵਿੱਚ ਸਵੈ-ਕਾਬੂ ਕੇਂਦਰੀ ਨਿਯਮ ਹੈ, ਜਿਸ ਦਾ ਪ੍ਰਗਟਾਵਾ ਫ਼ਰੀਦ ਜੀ ਨੇ ਅਨੇਕਾਂ ਸਲੋਕਾਂ ਵਿੱਚ ਕੀਤਾ ਹੈ, ਜਿਵੇ –

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ

ਫ਼ਰੀਦ ਜੀ ਅਨੁਸਾਰ ਮਨੁੱਖ ਨੂੰ ਸਬਰ ਸੰਤੋਖ ਤੇ ਸਹਿਨਸ਼ੀਲਤਾ ਦੀ ਭਾਵਨਾ ਰੱਖਣੀ ਚਾਹੀਦੀ ਹੈ। ਲੋਭ ਲਾਲਸਾ ਚ ਪੈ ਕੇ ਇੰਨੀ ਘਾਲਣਾ ਪਿੱਛੋ ਮਿਲੇ ਮਨੁੱਖੀ ਜਾਮੇ ਨੂੰ ਵਿਅਰਥ ਨਹੀਂ ਗੁਆਉਣ ਚਾਹੀਦਾ। ਇਸਦੇ ਨਾਲ ਹੀ ਕਿਸੇ ਦੀ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ। ਅਜਿਹਾ ਕਰਨ ਤੋਂ ਪਹਿਲਾਂ ਉਸਨੂੰ ਸਵੈ-ਮੁਲਾਂਕਣ ਕਰ ਲੈਣਾ ਚਾਹੀਦਾ ਹੈ ਕਿ ਉਹ ਆਪ ਸਰਬ ਗੁਣ ਸੰਪੰਨ ਹੈ। ਮੁਲਾਂਕਣ ਦੌਰਾਨ ਉਸਦੀ ਅੰਤਰ ਆਤਮਾ ਦੋਸ਼ੀ-ਨਿਰਦੋਸ਼ੀ ਹੋਣ ਬਾਬਤ ਉਸਨੂੰ ਦੱਸ ਦੇਵੇਗੀ। ਫ਼ਰੀਦ ਜੀ ਲਿਖਦੇ ਹਨ

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨੇ ਦੇਹਿ
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।

ਇੰਞ ਫ਼ਰੀਦ ਜੀ ਨੇ ਮਨੁੱਖ ਨੂੰ ਸਦਾਚਾਰਕ ਪੱਖੋਂ ਬਿਹਤਰ ਇਨਸਾਨ ਬਣਨ ਲਈ ਸਾਦਾ ਅਤੇ ਹੱਕ ਹਲਾਲ ਦੀ ਖਾਣ, ਨਿੰਦਾ ਚੁਗਲੀ, ਗੁੱਸੇ ਅਤੇ ਦੁਸ਼ਮਣੀ ਤੋਂ ਬਚਣ, ਦੂਸਰਿਆਂ ਦੇ ਦੁੱਖ ਦਰਦ ਨੂੰ ਪਹਿਚਾਨਣ ਅਤੇ ਅਜਿਹੇ ਕੰਮ ਕਰਨ ਦੀ ਸਿੱਖਿਆ ਦਿੱਤੀ ਹੈ, ਜਿਹਨਾਂ ਨਾਲ ਉਸਦੀ ਅੱਲ੍ਹਾ ਦੇ ਦਰਬਾਰ ਵਿਚ ਪ੍ਰਸ਼ੰਸਾ ਤੇ ਪ੍ਰਵਾਨਗੀ ਹੋਵੇ।

**ਮੌਤ ਦਾ ਸੰਕਲਪ**

ਫ਼ਰੀਦ ਬਾਣੀ ਵਿੱਚੋਂ ਮੌਤ ਦਾ ਸੰਕਲਪ ਪ੍ਰਬਲ ਰੂਪ ਵਿੱਚ ਉਜਾਗਰ ਹੁੰਦਾ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਫ਼ਰੀਦ ਬਾਣੀ ਮੌਤ ਦਾ ਪ੍ਰਭਾਵ ਸਿਰਜ ਕੇ ਜੀਵਾਤਮਾ ਨੂੰ ਭੈਅ ਗ੍ਰਸਤ ਕਰਦੀ ਹੈ। ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਫ਼ਰੀਦ ਬਾਣੀ ਮੌਤ ਦੇ ਵਰਤਾਰੇ ਨੂੰ ਦਰਸਾ ਕੇ ਜੀਵਾਤਮਾ ਨੂੰ ਡਰਾ ਨਹੀਂ ਰਹੀ, ਸਗੋਂ ਉਸਨੂੰ ਕੁਦਰਤ ਦੇ ਇਸ ਅੱਟਲ ਨਿਯਮ ਪ੍ਰਤੀ ਸੁਚੇਤ ਕਰ ਰਹੀ ਹੈ ਕਿ ਇਸਨੂੰ ਟਾਲਿਆ ਤਾਂ ਨਹੀਂ ਜਾ ਸਕਦਾ ਪਰ ਇਸਦੇ ਉਪਰੰਤ ਮਿਲਣ ਵਾਲੀਆਂ ਸਜ਼ਾਵਾਂ ਵਿਚ ਕੁਝ ਨਰਮਾਈ ਮਿਲ ਸਕਦੀ ਹੈ। ਜੇਕਰ ਜੀਵਾਤਮਾ ਨਾਮ ਸਿਮਰਨ ਅਤੇ ਨੇਕ ਕਰਮਾਂ ਵਿੱਚ ਲੱਗ ਜਾਵੇ। ਡਾ. ਮਨਜੀਤ ਸਿੰਘ ਅਨੁਸਾਰ, ''ਮੌਤ ਦੇ ਦ੍ਰਿਸ਼ਟੀ ਬਿੰਦੂ ਤੇ ਖਲੋ ਕੇ ਹੀ ਉਹ ਆਪਣੇ ਚੁਗਿਰਦੇ ਨੂੰ ਪ੍ਰਤੱਖ ਕਰਦੇ ਅਤੇ ਆਪਣਾ ਕਾਵਿ ਬੋਲ ਉਚਾਰਦੇ ਦਿਖਾਈ ਦਿੰਦੇ ਹਨ, ਇਸ ਲਈ ਮੌਤ ਹੀ ਇਕ ਅਜਿਹਾ ਤੱਤ ਹੈ ਜੋ ਸਮੁੱਚੇ ਕਲਾਮ ਫ਼ਰੀਦ ਨੂੰ ਏਕਤਾ ਤੇ ਇਕਾਗਰਤਾ ਪ੍ਰਦਾਨ ਕਰਦਾ ਦਿਖਾਈ ਦਿੰਦਾ ਹੈ। ਬਾਬਾ ਫਰੀਦ ਨੇ ਮੌਤ ਦੇ ਦੁੱਖ ਨੂੰ ਸਹਿਣਯੋਗ ਅਤੇ ਸਮਝਣਯੋਗ ਬਣਾਉਣ ਲਈ ਵਿਆਹ ਦਾ ਪ੍ਰਤੀਕ ਘੜ ਲਿਆ ਹੈ, ਜਿਵੇਂ 'ਜਿਤੁ ਦਿਹਾੜੈ ਧਨ ਵਰੀ ਸਾਹੇ ਲਈ ਲਿਖਾਇ।।' ਜਿਸ ਦਿਨ ਇਹ ਜੀਵ ਰੂਪ ਇਸਤਰੀ ਵਿਆਹੀ ਜਾਣੀ ਹੈ, ਉਹ

ਸਮਾਂ ਪਹਿਲਾਂ ਹੀ ਲਿਖਿਆ ਗਿਆ ਹੈ। ਮੌਤ ਲਾਜ਼ਮੀ ਹੈ, ਇਹ ਕੋੜੀ ਹਕੀਕਤ ਹੈ।''[6] ਇਸ ਤਰ੍ਹਾਂ ਫਰੀਦ ਜੀ ਨੇ ਮਨੁੱਖ ਨੂੰ ਇੱਕ ਕੌੜੀ ਸੱਚਾਈ ਤੋਂ ਜਾਣੂ ਕਰਵਾਇਆ ਹੈ ਕਿ ਕਿੱਧਰੇ ਵਿਸ਼ੇ ਵਿਕਾਰਾਂ ਵਿਚ ਫਸ ਕੇ ਆਪਣੇ ਪ੍ਰੀਤਮ ਪਿਆਰੇ ਨੂੰ ਵਿਸਾਰ ਹੀ ਨਾ ਦੇਵੇ ਅਤੇ ਅੰਤ ਵੇਲੇ ਪਛਤਾਉਣਾ ਪਵੇ। ਫ਼ਰੀਦ ਬਾਣੀ ਵਿੱਚ ਮੌਤ ਨੂੰ ਤਿੰਨ ਪ੍ਰਕਾਰ ਦੇ ਦ੍ਰਿਸ਼ਾਂ ਵਿੱਚ ਪ੍ਰਸਤੁਤ ਕੀਤਾ ਗਿਆ ਹੈ। ਪਹਿਲੀ ਕਿਸਮ ਦੀ ਮੌਤ ਬਹੁਤ ਹੀ ਕਠੋਰ ਅਤੇ ਭਿਅੰਕਰ ਹੁੰਦੀ ਹੈ। ਦੂਜੀ ਕਿਸਮ ਦੀ ਮੌਤ ਬਿਰਧ ਅਵਸਥਾ ਵਾਲੀ ਹੈ ਅਤੇ ਤੀਜੀ ਕਿਸਮ ਦੀ ਮੌਤ ਸ੍ਰਿਸ਼ਟੀ ਦੀ ਹਰ ਵਸਤੂ ਦੀ ਮੌਤ ਹੈ ਕਿਉਂਕਿ ਹਰ ਚੀਜ਼ ਨਾਸ਼ਮਾਨ ਹੈ। ਫ਼ਰੀਦ ਜੀ ਅਨੁਸਾਰ ਸਭ ਪਦਾਰਕਕ ਵਸਤਾਂ ਇਥੇ ਹੀ ਰਹਿ ਜਾਣੀਆਂ ਹਨ, ਜੀਵਾਤਮਾ ਨੇ ਖਾਲੀ ਹੱਥ ਇਸ ਜਹਾਨ ਤੋਂ ਤੁਰ ਜਾਣਾ ਹੈ-

ਫਰੀਦਾ ਕੋਠੇ ਮੰਡਪ ਮਾੜੀਆਂ ਏਤੁ ਨ ਲਾਏ ਚਿਤੁ<br>
ਮਿਟੀ ਪਾਈ ਅਤੋਲਵੀ ਕੋਇ ਨ ਹੋਸੀ ਮਿਤੁ

ਮਨੁੱਖੀ ਮੌਤ ਅਟੱਲ ਹੈ ਕਿਉਂਕਿ ਇਸ ਨਿਸ਼ਚਿਤ ਸਮੇਂ ਅਚਨਚੇਤ ਹੀ ਆ ਮੂੰਹ ਵਿਖਾਉਣਾ ਹੈ, ਜਿਵੇ –

ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ<br>
ਕੇਲ ਕਰੇਦੇ ਹੰਠ ਨੋ ਅਚਿੰਤੇ ਬਾਜ ਪਏ<br>
ਜਿੰਦੁ ਨਿਮਾਣੀ ਕਢੀਐ ਏਡਾ ਕੂ ਕੜਕਾਇ<br>
ਸਾਹ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ

**ਖੁਦਾ ਦੀ ਰਜ਼ਾ ਵਿਚ ਰਹਿਣਾ**

ਫ਼ਰੀਦ ਬਾਣੀ ਵਿਚ ਜੀਵਾਤਮਾ ਨੂੰ ਰੱਬੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਕਿਉਂਕਿ 'ਤੁਵੱਲਕ' ਦੇ ਅਰਥ ਹੈ 'ਰੱਬ ਵਿਚ ਪੂਰਨ ਭਰੋਸਾ'। ਇਸ ਸਿਧਾਂਤ ਅਨੁਸਾਰ ਜੀਵਾਤਮਾ ਨੂੰ ਰੱਬੀ ਰਜ਼ਾ ਵਿਚ ਖੁਸ਼ ਰਹਿਣਾ ਚਾਹੀਦਾ ਹੈ ਅਰਥਾਤ ਭਾਣਾ ਮੰਨਣਾ ਚਾਹੀਦਾ ਹੈ। ਦੁੱਖ ਸੁੱਖ ਨੂੰ ਰੱਬ ਦੀ ਰਜ਼ਾ ਮੰਨਣਾ ਚਾਹੀਦਾ ਹੈ ਅਤੇ ਸਹਿਜ ਅਵਸਥਾ ਵਿਚ ਰਹਿ ਕੇ ਦੁੱਖ ਸੁੱਖ ਨੂੰ ਇਕ ਕਰ ਕੇ ਜਾਣਨਾ ਚਾਹੀਦਾ ਹੈ। ਫਰ਼ੀਦ ਜੀ ਦਾ ਫੁਰਮਾਨ ਹੈ

ਫਰੀਦੁ ਦੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ<br>
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ

ਆਂਤਮਿਕ ਜੀਵਨ ਵਿਚ ਰੱਬੀ ਰਜ਼ਾ ਵਿਚ ਰਹਿਣਾ ਆਤਮਿਕ ਪਾਂਧੀ ਲਈ ਬਹੁਤ ਕਠਿਨ ਹੁੰਦਾ ਹੈ। ਇਸ ਅਵਸਥਾ ਨੂੰ ਕੋਈ ਵਿਰਲਾ ਸਾਧਕ ਹੀ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਇਹ ਅਵਸਥਾ ਉਸ ਪ੍ਰਮਾਤਮਾ ਦੀ ਕਿਰਪਾ ਸਦਕਾ ਹੀ ਮਿਲਦੀ ਹੈ। ਖੁਦਾ ਕਦੀ ਵੀ ਜੀਵਾਤਮਾ ਦਾ ਬੁਰਾ ਨਹੀ ਕਰਦਾ, ਉਹ ਤਾਂ ਚੰਗਾ ਬੁਰਾ ਆਪਣੇ ਕਰਮਾਂ ਕਰਕੇ ਭੋਗਦੀ ਹੈ। ਪ੍ਰਮਾਤਮਾ ਮਿੱਟੀ ਰੂਪੀ ਸਰੀਰ ਵਿੱਚ ਜਾਨ/ ਸਾਹ ਭਰਦਾ ਹੈ। ਉਸਦੇ ਪਹਿਨਣ ਖਾਣ ਦੇ ਵਸੀਲੇ ਕਰਦਾ ਹੈ। ਦੁੱਖਾਂ ਨੂੰ ਸਹਿਣ ਦੀ ਸ਼ਕਤੀ ਦਿੰਦਾ ਹੈ, ਫਿਰ ਅਜਿਹੇ ਪਰਮ ਪਿਤਾ ਦੇ ਹੁਕਮ/ਰਜ਼ਾ ਵਿਚ ਕਿਉ ਨਾ ਰਿਹਾ ਜਾਵੇ। ਫ਼ਰੀਦ ਜੀ ਨੇ ਜੀਵਾਤਮਾ ਨੂੰ ਰੱਬ ਦੀ ਰਜ਼ਾ ਵਿੱਚ ਰਹਿਣ ਲਈ ਸਮਝਾਉਂਦੇ ਹੋਏ ਜੰਗਲ ਵਿੱਚ ਰਹਿੰਦੇ ਪੰਛੀਆਂ ਦੀ ਉਦਾਹਰਨ ਪੰਛੀਆਂ ਦੀ ਉਦਾਹਰਨ ਦਿੱਤੀ ਹੈ, ਜੋ ਉਸ ਦੇ ਓਟ-ਆਸਰੇ ਤੋਂ ਬਲਿਹਾਰ ਜਾਂਦੇ ਹਨ, ਜਿਵੇਂ-

ਫਰੀਦਾ ਹਉ ਬਲਿਹਾਰੀ ਤਿਨ ਪੰਖੀਆਂ ਜੰਗਲਿ ਜਿੰਨਾਂ ਵਾਸੁ<br>
ਕਕਰੁ ਚੁਗਨਿ ਬਲਿ ਵਸਨਿ ਰਬ ਨ ਛੋਡਨਿ ਪਾਸੁ

ਇਸ ਤਰ੍ਹਾਂ ਫਰੀਦ ਜੀ ਇਕ ਮਹਾਨ ਸੂਫੀ ਕਵੀ ਹਨ। ਉਹਨਾਂ ਦੀ ਵਿਚਾਰਧਾਰਾ ਉਹਨਾਂ ਦੇ ਜੀਵਨ ਦੇ ਵਿਸ਼ਾਲ ਅਨੁਭਵ/ਤਜਰਬੇ ਨੂੰ ਰੂਪਮਾਨ ਕਰਦੀ ਹੈ। ਫ਼ਰੀਦ ਬਾਣੀ ਅਥਾਹ ਗੁਣਾਂ ਦਾ ਖ਼ਜਾਨਾ ਹੈ ਕਿਉਂਕਿ ਫ਼ਰੀਦ ਜੀ ਨੇ ਵਿਭਿੰਨ ਵਿਸ਼ਿਆਂ ਨੂੰ ਢੁੱਕਵੀ ਭਾਸ਼ਾ ਸ਼ੈਲੀ ਵਿਚ ਲਿਪੀਬੱਧ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ। ਇਹ ਬਾਣੀ ਮਨੁੱਖਤਾ ਦੇ ਮਾਰਗ ਦਰਸ਼ਕ ਵਜੋਂ ਸਹਾਈ ਹੋ ਕੇ ਮਨੁੱਖ ਦਾ ਮਾਰਗ ਦਰਸ਼ਨ ਕਰਦੀ ਹੋਈ, ਉਸਨੂੰ ਇਸ ਸੰਸਾਰ ਰੂਪੀ ਭਵਸਾਗਰ ਵਿੱਚੋਂ ਪਾਰ ਨਿਕਲਣ ਦੇ ਸੁਝਾਅ ਦਿੰਦੀ ਹੈ। ਜੋ ਫ਼ਰੀਦ ਬਾਣੀ ਨਾਲ ਸੂਫੀ-ਕਾਵਿ ਦਾ ਆਗਾਜ਼ ਹੋਇਆ। ਉਹਨਾਂ ਦੇ ਮਗਰਲੇ ਸੂਫੀ ਕਵੀਆਂ ਨੇ ਫਰੀਦ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਸੂਫੀ ਕਾਵਿ ਸਿਖਰਾਂ ਤੇ ਪਹੁੰਚਾਇਆ ਹੈ। ਫ਼ਰੀਦ ਬਾਣੀ ਵਿਚਲੀ ਵਿਚਾਰਧਾਰਾ ਫਰੀਦ ਜੀ ਦੀ ਸ਼ਖਸੀਅਤ ਦੇ ਅਨੇਕਾਂ ਗੁਣਾਂ ਨੂੰ ਉਜਾਗਰ ਕਰਨ ਵਿੱਚ ਸਹਾਈ ਹੈ।

**ਹਵਾਲੇ ਤੇ ਟਿੱਪਣੀਆਂ**


1) ਖੋਜ ਪੱਤ੍ਰਿਕਾ, 'ਬਾਬਾ ਫਰੀਦ' ਵਿਸ਼ੇਸ਼ ਅੰਕ, ਪੰਨਾ 117
2) ਕਿਰਪਾਲ ਸਿੰਘ ਕਸੇਲ, ਬਾਬ ਫਰੀਦ ਦੀ ਸਾਹਿਤਕ ਪ੍ਰਤਿਭਾ, ਪੰਨਾ 52
3) ਡਾ. ਧਰਮਪਾਲ ਸਿੰਗਲ ਤੇ ਡਾ. ਬਲਦੇਵ ਸਿੰਘ ਬੱਦਨ, 'ਬਾਬਾ ਸ਼ੇਖ ਫਰਦੀ ਜੀਵਨ ਅਤੇ ਰਚਨਾ', ਪੰਨੇ 48-49
4) ਕਿਰਪਾਲ ਸਿੰਘ ਕਸੇਲ, ਉਹੀ, ਪੰਨਾ 61
5) ਬਲਵੰਤ ਸਿੰਘ (ਅਨੁੀ) ਬਾਬਾ ਫਰੀਦ, ਪੰਨਾ 50
6) ਉਹੀ, ਪੰਨਾ 51